**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ.(ਮੀਡੀਆ)/ਐਸ.ਐਸ.ਏ./2011/95223-95242
ਮਿਤੀ ਚੰਡੀਗੜ੍ਹ 15.12.2011

**ਵਿਸ਼ਾ:** **ਆਮ ਲੋਕਾਂ ਦੇ ਵਿੱਚ ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਸਿੱਖਿਆ ਦਾ ਅਧਿਕਾਰ ਐਕਟ 2009 ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕੂਲਾਂ ਦੀਆਂ ਬਾਹਰਲੀਆਂ ਦੀਵਾਰਾਂ ਉੱਪਰ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ ਲਿਖਵਾਉਣ ਸਬੰਧੀ।**

**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ ਡੀ.ਜੀ.ਐਸ.ਈ./ਆਰ.ਟੀ.ਈ./2011/ 93768-93787 ਮਿਤੀ 09.12.11**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਆਮ ਲੋਕਾਂ ਦੇ ਵਿੱਚ ਬੱਚਿਆਂ ਦੇ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਐਕਟ 2009 ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕੂਲ ਦੀਆਂ ਬਾਹਰਲੀਆਂ ਦੀਵਾਰਾਂ ਉੱਪਰ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ ਪੇਂਟ ਕਰਵਾਏ ਜਾਣੇ ਹਨ।

3.0 ਇਸ ਕੰਮ ਲਈ **ਕਮਿਊਨਿਟੀ ਮੋਬਿਲਾਈਜ਼ੇਸ਼ਨ ਫੰਡ** ਵਿੱਚੋਂ ਹਰੇਕ ਸਕੂਲ ਨੂੰ 700/- ਰੁਪਏ ਭੇਜੇ ਜਾ ਰਹੇ ਹਨ, ਜਿਸ ਸਬੰਧੀ ਜ਼ਿਲ੍ਹੇਵਾਰ ਭੇਜੀ ਜਾਣ ਵਾਲੀ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ | ਜ਼ਿਲ੍ਹਾ | ਪ੍ਰਾਇਮਰੀ ਸਕੂਲਾਂ ਦੀ ਗਿਣਤੀ | ਅੱਪਰ-ਪ੍ਰਾਇਮਰੀ ਸਕੂਲਾਂ ਦੀ ਗਿਣਤੀ | ਕੁੱਲ ਸਕੂਲ | ਪ੍ਰਤੀ ਸਕੂਲ ਖਰਚਾ (ਰੁਪਏ ਵਿੱਚ) | ਕੁੱਲ ਖਰਚਾ (ਰੁਪਏ ਵਿੱਚ) |
|---|---|---|---|---|---|---|
| **1** | Amritsar | 866 | 414 | 1280 | 700 | 8,96,000 |
| **2** | Barnala | 186 | 113 | 299 | 700 | 2,09,300 |
| **3** | Bathinda | 394 | 266 | 660 | 700 | 4,62,000 |
| **4** | Faridkot | 254 | 155 | 409 | 700 | 2,86,300 |
| **5** | Fatehgarh Sahib | 468 | 219 | 687 | 700 | 4,80,900 |
| **6** | Ferozepur | 1158 | 447 | 1605 | 700 | 11,23,500 |
| **7** | Gurdaspur | 1528 | 572 | 2100 | 700 | 14,70,000 |
| **8** | Hoshiarpur | 1287 | 493 | 1780 | 700 | 12,46,000 |
| **9** | Jalandhar | 990 | 440 | 1430 | 700 | 10,01,000 |
| **10** | Kapurthala | 557 | 259 | 816 | 700 | 5,71,200 |
| **11** | Ludhiana | 1013 | 522 | 1535 | 700 | 10,74,500 |

| | | | | | | |
|---|---|---|---|---|---|---|
| **12** | Mansa | 321 | 189 | 510 | 700 | 3,57,000 |
| **13** | Moga | 370 | 238 | 608 | 700 | 4,25,600 |
| **14** | Mohali | 427 | 194 | 621 | 700 | 4,34,700 |
| **15** | Muktsar | 333 | 216 | 549 | 700 | 3,84,300 |
| **16** | Nawanshahr | 449 | 215 | 664 | 700 | 4,64,800 |
| **17** | Patiala | 1009 | 391 | 1400 | 700 | 9,80,000 |
| **18** | Ropar | 576 | 275 | 851 | 700 | 5,95,700 |
| **19** | Sangrur | 671 | 353 | 1024 | 700 | 7,16,800 |
| **20** | Tarntaran | 540 | 264 | 804 | 700 | 5,62,800 |
| **TOTAL** | | **13397** | **6235** | **19632** | **700** | **1,37,42,400** |

4.0 ਆਪ ਜੀ ਨੂੰ ਇਸ ਤੋਂ ਪਹਿਲਾਂ 40,000/- ਰੁਪਏ **ਕਮਿਊਨਿਟੀ ਮੋਬਿਲਾਈਜ਼ੇਸ਼ਨ ਫੰਡ** ਵਿੱਚੋਂ ਭੇਜੇ ਗਏ ਸਨ ਜਿਸ ਵਿੱਚੋਂ 20,000/- ਰੁਪਏ 15 ਅਗਸਤ ਤੇ ਖਰਚ ਕੀਤੇ ਜਾਣੇ ਸਨ ਅਤੇ 20,000/- ਰੁਪਏ 26 ਜਨਵਰੀ 2012 ਤੇ ਕੱਢੀਆਂ ਜਾਣ ਵਾਲੀਆਂ ਝਾਕੀਆਂ ਤੇ ਖਰਚ ਕੀਤੇ ਜਾਣੇ ਹਨ।

5.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬੱਚਿਆਂ ਦੇ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਐਕਟ 2009 ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕੂਲ ਦੀਆਂ ਬਾਹਰਲੀਆਂ ਦੀਵਾਰਾਂ ਉੱਪਰ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਸਕੂਲਾਂ ਵਿੱਚ ਪੇਂਟ ਕਰਵਾਏ ਜਾਣ ਅਤੇ ਰਿਪੋਰਟ ਮੁੱਖ ਦਫ਼ਤਰ ਨੂੰ ਭੇਜੀ ਜਾਵੇ। ਬੋਰਡ ਤੇ ਲਿਖੀ ਜਾਣ ਵਾਲੀ ਇਬਾਰਤ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿਠਅੰਕਣ ਨੰ: ਉਕਤ/95243** **ਮਿਤੀ: 15.12.2011**

ਉਤਾਰਾ: (1) ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪੰਜਾਬ।
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪੰਜਾਬ।
(3) ਸਮੂਹ ਬੀ.ਡੀ.ਪੀ.ਓ. ਪੰਜਾਬ।
(4) ਸਮੂਹ ਬੀ.ਪੀ.ਈ.ਓ. ਪੰਜਾਬ (ਵੈਬਸਾਈਟ ਰਾਹੀਂ)।
(5) ਸਮੂਹ ਸਕੂਲ ਮੁਖੀ ਪੰਜਾਬ (ਵੈਬਸਾਈਟ ਰਾਹੀਂ)।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਨੱਥੀ: ਲਿਖੀ ਜਾਣ ਵਾਲੀ ਇਬਾਰਤ ਦੀ ਕਾਪੀ।**

# ਬੱਚਿਆਂ ਦਾ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਐਕਟ, 2009

## ਇਹ ਐਕਟ ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ ਸਮੂਹ ਭਾਰਤ ਵਿੱਚ 1 ਅਪ੍ਰੈਲ, 2010 ਤੋਂ ਲਾਗੂ ਹੈ।

### ਐਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ

6 ਤੋਂ 14 ਸਾਲ ਦੀ ਉਮਰ ਤੱਕ ਦੇ ਹਰੇਕ ਬੱਚੇ ਨੂੰ ਮੁੱਢਲੀ ਸਿੱਖਿਆ ਮੁਕੰਮਲ ਹੋਣ ਤੱਕ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਲੈਣ ਦਾ ਅਧਿਕਾਰ।

6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਨੂੰ ਆਪਣੀ ਉਮਰ ਅਨੁਸਾਰ ਯੋਗ ਜਮਾਤ ਵਿੱਚ ਦਾਖ਼ਲਾ ਲੈਣ ਦਾ ਅਧਿਕਾਰ।

ਦਾਖ਼ਲੇ ਸਮੇਂ ਸਕਰੀਨਿੰਗ ਟੈਸਟ ਲੈਣ ਜਾਂ ਕੈਪੀਟੀਸ਼ਨ ਫ਼ੀਸ ਵਸੂਲ ਕਰਨ ਦੀ ਮਨਾਹੀ ਹੈ ਅਤੇ ਉਮਰ ਦਾ ਸਬੂਤ ਜਾਂ ਸਕੂਲ ਛੱਡਣ ਸਬੰਧੀ ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਦਾਖ਼ਲੇ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ।

ਬੱਚਿਆਂ ਨੂੰ ਜਿਸਮਾਨੀ ਸਜ਼ਾ ਜਾਂ ਮਾਨਸਿਕ ਤੋਰ ਤੇ ਕੋਈ ਪ੍ਰੇਸ਼ਾਨੀ ਦੇਣ ਦੀ ਮਨਾਹੀ।

ਬੱਚੇ ਨੂੰ ਮੁੱਢਲੀ ਸਿੱਖਿਆ ਮੁਕੰਮਲ ਹੋਣ ਤੱਕ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ ਅਤੇ ਨਾ ਹੀ ਬੱਚੇ ਨੂੰ ਪਿਛਲੀ ਜਮਾਤ ਵਿੱਚ ਰੋਕਿਆ ਜਾਂ ਮੁੱਢਲੀ ਪੜ੍ਹਾਈ ਮੁਕੰਮਲ ਹੋਣ ਤੱਕ ਸਕੂਲ ਵਿਚੋ ਕੱਢਿਆ ਨਹੀਂ ਜਾਵੇਗਾ।

ਕਿਸੇ ਵੀ ਅਧਿਆਪਕ ਨੂੰ ਪ੍ਰਾਈਵੇਟ ਟਿਊਸ਼ਨ ਕਰਨ ਦੀ ਮਨਾਹੀ ਹੋਵੇਗੀ।

ਬੱਚਿਆਂ ਲਈ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਇੱਕ ਕਿਲੋਮੀਟਰ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਤਿੰਨ ਕਿਲੋਮੀਟਰ ਦੇ ਫ਼ਾਸਲੇ ਅੰਦਰ ਸਕੂਲ ਸਥਾਪਿਤ ਕੀਤੇ ਜਾਣਗੇ।

ਹਰਿਕ ਵਿੱਦਿਅਕ ਸਾਲ ਦੌਰਾਨ ਪ੍ਰਾਇਮਰੀ ਸਕੂਲ ਘੱਟੋ ਘੱਟ 200 ਦਿਨ ਅਤੇ ਅੱਪਰ ਪ੍ਰਾਇਮਰੀ ਸਕੂਲ 220 ਦਿਨ ਖੁੱਲ੍ਹੇ ਰਹਿਣਗੇ ਅਤੇ ਅਧਿਆਪਕਾਂ ਲਈ ਪਹਿਲੀ ਤੋਂ ਪੰਜਵੀਂ ਜਮਾਤ ਵਿੱਚ 800 ਘੰਟੇ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਲਈ 1000 ਘੰਟੇ ਪੜ੍ਹਾਉਣਾ ਲਾਜ਼ਮੀ ਹੋਵੇਗਾ।

ਪ੍ਰਾਈਵੇਟ ਸਕੂਲਾਂ ਵਿੱਚ ਵੀ ਕਮਜ਼ੋਰ ਵਰਗ ਅਤੇ ਸੁਵਿਧਾ ਰਹਿਤ ਬੱਚਿਆਂ ਲਈ 25 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ।

ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨਾਂ ਹੋਰ ਸਾਰੇ ਸਕੂਲਾਂ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਤਿੰਨ ਚੌਥਾਈ ਮੈਂਬਰ ਬੱਚਿਆਂ ਦੇ ਮਾਪਿਆਂ ਜਾਂ ਸ੍ਰਪਰਸਤਾਂ ਵਿਚੋਂ ਲਏ ਜਾਣਗੇ।ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ:

1) ਸਕੂਲ ਵਿਕਾਸ ਯੋਜਨਾ ਤਿਆਰ ਕਰਨਗੇ;
2) ਸਕੂਲ ਦੀ ਨਿਗਰਾਨੀ ਕਰਨਗੇ;
3) ਅਧਿਆਪਕਾਂ ਦੀ ਜਵਾਬਦੇਹੀ ਯਕੀਨੀ ਬਣਾਉਣਗੇ।